# ਫੀਲਡ ਸੈਨੀਟੇਸ਼ਨ

ਕੈਲੀਫੋਰਨੀਆ ਵਿੱਚ ਖੇਤੀਬਾੜੀ ਖੇਤਰਾਂ ਵਿੱਚ 700,000 ਤੋਂ ਵੱਧ ਮੌਸਮੀ ਕਾਮਿਆਂ ਦੁਆਰਾ ਲਗਭਗ 350,000 ਨੌਕਰੀਆਂ ਭਰੀਆਂ ਗਈਆਂ ਹਨ।



ਸਿਰਲੇਖ 8, ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨਜ਼ (T8CCR), ਸੈਕਸ਼ਨ 3457 ਰੁਜ਼ਗਾਰਦਾਤਾਵਾਂ ਨੂੰ ਖੇਤ ਵਿੱਚ ਹੱਥ ਨਾਲ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਪੀਣਯੋਗ ਪਾਣੀ, ਪਖਾਨੇ ਅਤੇ ਹੱਥ ਧੋਣ ਦੀਆਂ ਸਹੂਲਤਾਂ ਮੁਹੱਈਆ ਕਰਨ ਦੀ ਮੰਗ ਕਰਦਾ ਹੈ। ਇਨ੍ਹਾਂ ਲੋੜਾਂ ਦੀ ਪਾਲਣਾ ਕਰਨ ਵਾਲੇ ਰੁਜ਼ਗਾਰਦਾਤਾ ਨੂੰ ਇਹ ਲਾਭ ਹੋਣਗੇ:

- ਉਸਦੇ ਅਜਿਹੇ ਬਹੁਤ ਘੱਟ ਕਰਮਚਾਰੀ ਹੋਣਗੇ ਜੋ ਪਿਸ਼ਾਬ ਨਾਲੀ ਦੀਆਂ ਲਾਗਾਂ, ਗਰਮੀ ਦੇ ਤਣਾਅ, ਚਮੜੀ ਅਤੇ ਹੋਰ ਬਿਮਾਰੀਆਂ ਤੋਂ ਬਿਮਾਰ ਹੋ ਜਾਂਦੇ ਹਨ।
- ਕੀਟਨਾਸ਼ਕਾਂ ਅਤੇ ਖਾਦਾਂ ਨਾਲ ਵਰਕਰ ਦੇ ਐਕਸਪੋਜਰ ਨੂੰ ਘਟਾਇਆ ਗਿਆ।

## ਕਾਰਜ ਸਥਾਨਾਂ ਨੂੰ ਕਵਰ ਕੀਤਾ ਗਿਆ

ਸੈਕਸ਼ਨ 3457 ਅਜਿਹੇ ਕਿਸੇ ਵੀ ਖੇਤੀਬਾੜੀ ਅਦਾਰੇ 'ਤੇ ਲਾਗੂ ਹੁੰਦਾ ਹੈ ਜਿਸ ਵਿੱਚ ਮਜ਼ਦੂਰ ਹੱਥੀਂ ਮਜ਼ਦੂਰੀ ਕਰਦੇ ਹਨ। ਇਸ ਵਿੱਚ ਸ਼ਾਮਲ ਹਨ:

- ਸਿੰਚਾਈ ਵਾਲੀਆਂ ਪਾਈਪਾਂ ਅਤੇ ਹੋਰ ਸਿੰਚਾਈ ਉਪਕਰਨਾਂ ਨੂੰ ਹੱਥੀਂ ਇਧਰ-ਉਧਰ ਕਰਨਾ।
- ਸਬਜ਼ੀਆਂ, ਗਿਰੀਦਾਰ ਪੌਦਿਆਂ, ਫਲ, ਬੂਟੇ ਅਤੇ ਖੁੰਬਾਂ ਵਰਗੀਆਂ ਫ਼ਸਲਾਂ ਦੀ ਕਾਸ਼ਤ ਕਰਨ, ਨਦੀਨ ਪੁੱਟਣ, ਬਿਜਾਈ ਕਰਨ ਅਤੇ ਕਟਾਈ ਕਰਨ ਦੌਰਾਨ ਹੱਥਾਂ ਨਾਲ ਜਾਂ ਹੱਥ ਵਾਲੇ ਸੰਦਾਂ ਨਾਲ ਕੀਤਾ ਗਿਆ ਕੰਮ।
- ਖੇਤ ਵਿੱਚ ਉਪਜ ਨੂੰ ਕੰਟੇਨਰਾਂ ਵਿੱਚ ਪੈਕ ਕਰਨਾ, ਭਾਵੇਂ ਜ਼ਮੀਨ 'ਤੇ ਕੀਤਾ ਗਿਆ ਹੋਵੇ, ਜਾਨ ਚਲਦੀ ਮਸ਼ੀਨਰੀ 'ਤੇ, ਜਾਂ ਫਿਰ ਖੇਤ ਵਿੱਚ ਸਥਿਤ ਇੱਕ ਅਸਥਾਈ ਪੈਕਿੰਗ ਸ਼ੈੱਡ ਵਿੱਚ ਹੋਵੇ।

ਲੌਗਿੰਗ ਓਪਰੇਸ਼ਨ, ਪਸ਼ੂਆਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਚਾਰਾ ਆਦਿ ਖੁਆਉਣਾ, ਜਾਂ ਸਥਾਈ ਢਾਂਚਿਆਂ (ਉਦਾਹਰਨ ਲਈ, ਡੱਬਾਬੰਦੀ ਦੀਆਂ ਸਹੂਲਤਾਂ ਜਾਂ ਪੈਕਿੰਗ ਹਾਊਸ) ਵਿੱਚ ਹੱਥ-ਮਜ਼ਦੂਰੀ ਦੇ ਕੰਮ ਸ਼ਾਮਲ ਨਹੀਂ ਹਨ।

ਸੈਕਸ਼ਨ 3457 ਵੱਲੋਂ ਕਵਰ ਨਹੀਂ ਕੀਤੇ ਗਏ ਕਾਰਜਾਂ ਲਈ ਸੈਨੀਟੇਸ਼ਨ ਲੋੜਾਂ ਸੈਕਸ਼ਨ 3360-3368 ਵਿੱਚ ਸ਼ਾਮਲ ਹਨ।

## ਮੁੱਖ ਲੋੜਾਂ ਅਤੇ ਪ੍ਰਬੰਧ

- ਹਵਾ ਦੇ ਤਾਪਮਾਨ, ਨਮੀ ਅਤੇ ਕਾਰਜ ਦੀ ਪ੍ਰਕਰਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਪੀਣ ਯੋਗ ਪੀਣ ਵਾਲਾ ਪਾਣੀ ਤਾਜ਼ਾ ਅਤੇ ਸ਼ੁੱਧ, ਢੁਕਵਾਂ ਠੰਡਾ ਅਤੇ ਲੋੜੀਂਦੀ ਮਾਤਰਾ ਵਿੱਚ ਹੋਣਾ ਲਾਜ਼ਮੀ ਹੈ। ਇਹ ਲਾਜ਼ਮੀ ਤੌਰ 'ਤੇ ਇੱਕ ਵਾਰ ਵਰਤੋਂ ਵਾਲੇ ਪੀਣ ਵਾਲੇ ਕੱਪਾਂ ਵਿੱਚ ਜਾਂ ਫੁਆਰੇ ਰਾਹੀਂ ਨਿਕਲਣਾ ਚਾਹੀਦਾ ਹੈ ਜੋ ਸਾਰੇ ਕਰਮਚਾਰੀਆਂ ਲਈ ਆਸਾਨੀ ਨਾਲ ਪਹੁੰਚਯੋਗ ਹੁੰਦੇ ਹਨ। ਵਰਤੇ ਗਏ ਜਾਂ ਸਾਂਝੇ ਪੀਣ ਵਾਲੇ ਕੱਪ ਜਾਂ ਡਿਪਰਾਂ ਦੀ ਵਰਤੋਂ ਦੀ ਮਨਾਹੀ ਹੈ।

**ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਸਿਰਫ਼ ਤਾਂ ਹੀ ਵਿਅਕਤੀਗਤ ਪਾਣੀ ਦੀਆਂ ਬੋਤਲਾਂ/ਕੰਟੇਨਰਾਂ ਦੀ ਸਪਲਾਈ ਕਰ ਸਕਦੇ ਹਨ, ਜੇਕਰ ਇਨ੍ਹਾਂ ਸ਼ਰਤਾਂ ਨੂੰ ਪੂਰਾ ਕੀਤਾ ਗਿਆ ਹੋਵੇ:**

- ਸਾਫ਼-ਸਫ਼ਾਈ ਨੂੰ ਯਕੀਨੀ ਬਣਾਉਣਾ।
- ਇਹ ਮੁਫ਼ਤ ਹੋਣਾ ਚਾਹੀਦਾ ਹੈ ਅਤੇ ਆਸਾਨੀ ਨਾਲ ਮੁੜ ਭਰਨ ਲਈ ਉਪਲਬਧ ਹੋਣਾ ਚਾਹੀਦਾ ਹੈ।
- ਇਸਦਾ ਕਰਮਚਾਰੀ ਦੇ ਕੰਮ ਕਰਨ ਵਾਲੀ ਜਗ੍ਹਾ ਤੋਂ ਵੱਧ ਤੋਂ ਵੱਧ ਨੇੜੇ ਹੋਣਾ।
- ਕਰਮਚਾਰੀਆਂ ਨੂੰ ਅਕਸਰ ਪੀਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ: ਕੰਮ ਦੀ ਸ਼ਿਫਟ ਦੌਰਾਨ ਪ੍ਰਤੀ ਕਰਮਚਾਰੀ ਪ੍ਰਤੀ ਘੰਟਾ ਇੱਕ (1) ਚੌਥਾਈ ਜਾਂ ਵੱਧ।

- ਹਰੇਕ ਵੀਹ (20) ਜਾਂ ਇਸ ਤੋਂ ਘੱਟ ਕਰਮਚਾਰੀਆਂ ਲਈ ਹਰੇਕ ਲਿੰਗ ਲਈ ਵੱਖਰਾ ਪਖਾਨਾ (ਟਾਇਲਟ) ਸੁਵਿਧਾਵਾਂ ਮੁਹੱਈਆ ਕੀਤੀਆਂ ਜਾਣੀਆਂ ਲਾਜ਼ਮੀ ਹਨ, ਅਤੇ ਹਰੇਕ ਵੀਹ (20) ਜਾਂ ਇਸ ਤੋਂ ਘੱਟ ਕਰਮਚਾਰੀਆਂ ਲਈ ਘੱਟੋ-ਘੱਟ ਇੱਕ ਹੱਥ ਧੋਣ ਦੀ ਸਹੂਲਤ ਮੁਹੱਈਆ ਕੀਤੀ ਜਾਣੀ ਲਾਜ਼ਮੀ ਹੈ। ਵੇਰਵਿਆਂ ਅਤੇ ਛੋਟਾਂ ਲਈ ਸੈਕਸ਼ਨ 3457 ਦਾ ਹਵਾਲਾ ਲਓ।
- ਪਖਾਨੇ ਅਤੇ ਹੱਥ ਧੋਣ ਦੀਆਂ ਸੁਵਿਧਾਵਾਂ ਪਹੁੰਚਯੋਗ ਅਤੇ ਇੱਕ ਦੂਜੇ ਦੇ ਨੇੜੇ ਇੱਕ ਚੌਥਾਈ ਮੀਲ ਦੀ ਸੈਰ ਦੇ ਅੰਦਰ (ਜਾਂ 5 ਮਿੰਟ ਦੇ ਅੰਦਰ, ਜੋ ਵੀ ਨੇੜੇ ਹੋਵੇ) ਹੋਣੀਆਂ ਲਾਜ਼ਮੀ ਹਨ। ਜੇਕਰ ਭੂਮੀ ਦੇ ਕਾਰਨ ਸੰਭਵ ਨਹੀਂ ਹੈ, ਤਾਂ ਨਜ਼ਦੀਕੀ ਵਾਹਨ ਪਹੁੰਚ ਪੁਆਇੰਟ 'ਤੇ।

**ਛੋਟਾਂ।** ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਪਖਾਨੇ ਅਤੇ ਹੱਥ ਧੋਣ ਦੀਆਂ ਸਹੂਲਤਾਂ ਤੱਕ ਲਿਜਾ ਸਕਦੇ ਹਨ ਜੇ ਅੱਗੇ ਦਿੱਤਿਆਂ ਵਿੱਚੋਂ ਕੋਈ ਇੱਕ ਗੱਲ ਲਾਗੂ ਹੁੰਦੀ ਹੈ:

- ਕਰਮਚਾਰੀ ਦੋ ਘੰਟਿਆਂ ਤੋਂ ਘੱਟ ਸਮੇਂ ਲਈ ਖੇਤ ਵਿੱਚ ਕੰਮ ਕਰਦੇ ਹਨ (ਖੇਤ ਤੱਕ ਅਤੇ ਵਾਪਸ ਪਰਤਨ ਦੀ ਯਾਤਰਾ ਕਰਨ ਵਿੱਚ ਬਿਤਾਏ ਗਏ ਸਮੇਂ ਸਮੇਤ)।

(ਅਗਲੇ ਪੰਨੇ 'ਤੇ ਜਾਰੀ)

    ○ ਸਥਾਪਨਾ ਵਿੱਚ ਪੰਜ ਤੋਂ ਘੱਟ ਕਰਮਚਾਰੀ ਕਿਸੇ ਵੀ ਦਿਨ ਹੱਥੀਂ ਕਾਰਜ ਕਰਨ ਦੇ ਕੰਮ ਵਿੱਚ ਲੱਗੇ ਹੋਣਾ।
    ○ ਕਰਮਚਾਰੀਆਂ ਦਾ ਹੱਥੀਂ ਕਾਰਜ ਦੇ ਕੰਮ ਵਿੱਚ ਨਾ ਲੱਗੇ ਹੋਣਾ।

- ਰੱਖ-ਰਖਾਅ ਦੇ ਮਿਆਰ ਜਨਤਕ ਸਿਹਤ ਸਵੱਛਤਾ ਅਭਿਆਸਾਂ ਦੇ ਅਨੁਸਾਰ ਹੋਣੇ ਲਾਜ਼ਮੀ ਹਨ, ਜਿਸ ਵਿੱਚ ਇਹ ਕੁਝ ਸ਼ਾਮਲ ਹੈ:
    - ○ ਰੋਜ਼ਾਨਾ ਬਦਲੀ, ਜਾਂ ਲੋੜ ਪੈਣ 'ਤੇ ਜ਼ਿਆਦਾ ਵਾਰ ਬਦਲਕੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਬਰਕਰਾਰ ਰੱਖਣਾ।
    - ○ ਪੀਣ ਵਾਲੇ ਪਾਣੀ ਦੇ ਡੱਬਿਆਂ ਦੀ ਨਿਯਮਿਤ ਸਫਾਈ।
    - ○ ਪਖਾਨੇ ਸਾਫ਼, ਸੈਨੇਟਰੀ, ਅਤੇ ਚਾਲੂ ਰੱਖੇ ਗਏ ਹਨ।
    - ○ ਹਰੇਕ ਇਕਾਈ ਵਿੱਚ ਟਾਇਲਟ ਪੇਪਰ ਇੱਕ ਢੁਕਵੇਂ ਹੋਲਡਰ ਵਿੱਚ ਮੁਹੱਈਆ ਕੀਤਾ ਗਿਆ ਹੈ।
    - ○ ਹੱਥ ਧੋਣ ਦੀਆਂ ਸੁਵਿਧਾਵਾਂ ਨੂੰ ਲੋੜ ਅਨੁਸਾਰ ਪੀਣ ਯੋਗ ਪਾਣੀ ਨਾਲ ਭਰਿਆ ਜਾਣਾ ਅਤੇ ਸਾਫ਼-ਸਫ਼ਾਈ ਅਤੇ ਸੈਨੇਟਰੀ-ਯੁਕਤ ਕੀਤਾ ਹੋਵੇ।
    - ○ ਰਹਿੰਦ-ਖੂੰਹਦ ਦੇ ਢੁਕਵੇਂ ਨਿਪਟਾਰੇ ਰਾਹੀਂ ਕਿਸੇ ਵੀ ਅਸ਼ੁੱਧ ਸਥਿਤੀ ਦੀ ਰੋਕਥਾਮ ਕਰਨਾ।

  ਪਖਾਨਾ ਸੁਵਿਧਾਵਾਂ ਦੀ ਸੇਵਾ ਅਤੇ ਰੱਖ-ਰਖਾਅ ਦਾ ਲਿਖਤੀ ਰਿਕਾਰਡ ਨੂੰ ਵਿਵਸਥਿਤ ਕਰਨਾ ਅਤੇ ਦੋ ਸਾਲਾਂ ਲਈ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।

- ਕਰਮਚਾਰੀਆਂ ਨੂੰ ਇਨ੍ਹਾਂ ਗੱਲਾਂ ਬਾਰੇ ਸੂਚਿਤ ਕੀਤਾ ਜਾਣਾ ਲਾਜ਼ਮੀ ਹੈ:
    - ○ ਪਾਣੀ ਅਤੇ ਸੈਨੀਟੇਸ਼ਨ ਸੁਵਿਧਾਵਾਂ ਦੀ ਸਥਿਤੀ, ਅਤੇ ਉਨ੍ਹਾਂ ਦੀ ਵਰਤੋਂ ਕਰਨ ਲਈ ਕੰਮ ਦੇ ਦਿਨ ਦੌਰਾਨ ਉਚਿਤ ਮੌਕਿਆਂ ਦਾ ਭੱਤਾ।
    - ○ ਖੇਤ ਵਿੱਚ ਸੰਬੰਧਿਤ ਸਿਹਤ ਖਤਰੇ ਅਤੇ ਉਨ੍ਹਾਂ ਦੇ ਸੰਪਰਕ ਨੂੰ ਘੱਟ ਤੋਂ ਘੱਟ ਕਰਨ ਲਈ ਜ਼ਰੂਰੀ ਅਭਿਆਸ, ਸਮੇਤ:
        - ▪ ਵਾਰ-ਵਾਰ ਪਾਣੀ ਪੀਣ ਦੀ ਮਹੱਤਤਾ - ਖਾਸ ਕਰਕੇ ਗਰਮ ਦਿਨਾਂ ਵਿੱਚ।
        - ▪ ਲੋੜ ਅਨੁਸਾਰ ਵਾਰ-ਵਾਰ ਪਿਸ਼ਾਬ ਕਰਨਾ।
        - ▪ ਪਖਾਨੇ ਦੀ ਵਰਤੋਂ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਧੋਣਾ।
        - ▪ ਖਾਣਾ ਖਾਣ ਅਤੇ ਸਿਗਰਟ ਪੀਣ ਤੋਂ ਪਹਿਲਾਂ ਹੱਥ ਧੋਣਾ।



- ਰੁਜ਼ਗਾਰਦਾਤਾ ਜੋ ਮਿਆਰ ਅਨੁਸਾਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਨ ਵਿੱਚ ਅਸਫਲ ਰਹਿੰਦੇ ਹਨ, ਉਨ੍ਹਾਂ ਨੂੰ ਹਵਾਲੇ ਦੇ ਬਾਅਦ 5 ਸਾਲਾਂ ਲਈ ਸਾਲਾਨਾ ਇੱਕ ਫੀਲਡ ਸੈਨੀਟੇਸ਼ਨ ਪਾਲਣਾ ਫ਼ਾਰਮ ਭਰਨ ਦੀ ਲੋੜ ਹੋਵੇਗੀ।
- ਲੋੜ ਅਨੁਸਾਰ ਪੀਣਯੋਗ ਪਾਣੀ ਦਾ ਸਰੋਤ, ਪਖਾਨਾ ਅਤੇ/ਜਾਂ ਹੱਥ ਧੋਣ ਦਾ ਖੇਤਰ - ਪ੍ਰਦਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ $750.00 ਦਾ ਘੱਟੋ-ਘੱਟ, ਗੈਰ-ਵਿਵਸਥਿਤ ਜੁਰਮਾਨਾ ਹੋਵੇਗਾ। ਉਲੰਘਣਾਵਾਂ ਨੂੰ ਠੀਕ ਕਰਨ ਲਈ ਅੰਤਿਮ ਤਾਰੀਖ ਨਿਸ਼ਚਿਤ ਕੀਤੀ ਜਾਵੇਗੀ, ਅਤੇ ਅਪੀਲ ਦਾਇਰ ਕਰਨ ਨਾਲ ਇਸ ਅੰਤਿਮ ਤਾਰੀਖ ਨੂੰ ਵਧਾਇਆ ਨਹੀਂ ਜਾਵੇਗਾ ।

ਇਹ ਤੱਥ ਸ਼ੀਟ ਸਿਰਫ਼ ਇੱਕ ਸੰਖੇਪ ਜਾਣਕਾਰੀ ਮੁਹੱਈਆ ਕਰਦੀ ਹੈ — ਨਾ ਕਿ ਧਾਰਾ 3457 ਦੀਆਂ ਸਾਰੀਆਂ ਲੋੜਾਂ। ਮੁਹੱਈਆ ਕੀਤੀ ਗਈ ਜਾਣਕਾਰੀ ਦਾ ਮਤਲਬ ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਨਿਯਮਾਂ ਦਾ ਬਦਲ ਜਾਂ ਕਨੂੰਨੀ ਵਿਆਖਿਆ ਨਹੀਂ ਹੈ। ਪਾਠਕਾਂ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਨਿਯਮਾਂ ਦੇ ਦਾਇਰੇ, ਵਿਸ਼ਿਸ਼ਤਾਵਾਂ, ਛੋਟਾਂ, ਅਤੇ ਹੋਰ ਲੋੜਾਂ, ਜਿਵੇਂ ਕਿ ਰੁਜ਼ਗਾਰ ਦੇ ਬਾਹਰੀ ਸਥਾਨਾਂ ਵਿੱਚ ਤਾਪ ਬਿਮਾਰੀ ਤੋਂ ਰੋਕਥਾਮ ਸੈਕਸ਼ਨ 3395, ਜੋ ਉਨ੍ਹਾਂ ਦੇ ਕਾਰਜਾਂ 'ਤੇ ਲਾਗੂ ਹੋ ਸਕਦੇ ਹਨ, ਬਾਰੇ ਵਿਸਤ੍ਰਿਤ ਜਾਣਕਾਰੀ ਲਈ ਸਿੱਧੇ T8CCR ਨੂੰ ਦੇਖੋ।

## ਸਰੋਤ

**Cal/OSHA**

- **ਸੈਕਸ਼ਨ 3203** ਸੱਟ ਅਤੇ ਬਿਮਾਰੀ ਰੋਕਥਾਮ ਸੰਬੰਧੀ ਪ੍ਰੋਗਰਾਮ
- **ਸੈਕਸ਼ਨ 3395** ਰੁਜ਼ਗਾਰ ਦੇ ਬਾਹਰੀ ਸਥਾਨਾਂ ਵਿੱਚ ਤਾਪ ਬਿਮਾਰੀ ਤੋਂ ਰੋਕਥਾਮ
- **ਸੈਕਸ਼ਨ 3457** ਖੇਤ ਦਾ ਸੈਨੀਟੇਸ਼ਨ
- **ਖੇਤੀਬਾੜੀ ਦੇ ਖੇਤ ਸੰਬੰਧੀ ਕਾਰਜਾਂ ਵਿੱਚ ਸੁਰੱਖਿਆ ਅਤੇ ਸਿਹਤ**

ਫ਼ਰਵਰੀ 2023


©2023 ਕੈਲੀਫੋਰਨੀਆ ਉਦਯੋਗਿਕ ਸੰਬੰਧਾਂ ਦਾ ਵਿਭਾਗ